# ਨਮੂਨੇ ਦਾ ਪ੍ਰਸ਼ਨ-ਪੱਤਰ
# ਜਮਾਤ-ਦਸਵੀਂ
# ਪੰਜਾਬੀ - ਏ
# ਟਰਮ-2 (ਫਰਵਰੀ-ਮਾਰਚ, 2022)
# 2021-2022

ਸਮਾਂ: 3 ਘੰਟੇ ਲਿਖਤੀ= 35 ਅੰਕ

ਨੋਟ: 1. 02 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ।
2. ਪ੍ਰਸ਼ਨ-ਪੱਤਰ ਦੇ ਕੁੱਲ 9 ਪ੍ਰਸ਼ਨ ਹੋਣਗੇ।
3. ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।

**ਪ੍ਰਸ਼ਨ ਨੰ: 1 ਇਹ ਪ੍ਰਸ਼ਨ ਸੁੰਦਰ ਲਿਖਾਈ ਦੇ ਅੰਕਾਂ ਲਈ ਰਾਖਵਾਂ ਹੋਵੇਗਾ।** **2 ਅੰਕ**

**ਪ੍ਰਸ਼ਨ ਨੰ: 2 ਵਸਤੂਨਿਸ਼ਠ ਪ੍ਰਸ਼ਨ:** **1*5= 5 ਅੰਕ**

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ:**

(ੳ) ਬੁਲ੍ਹੇ ਸ਼ਾਹ ਕਿਸ ਕਾਵਿ-ਧਾਰਾ ਨਾਲ ਸੰਬੰਧਿਤ ਕਵੀ ਹਨ?
(ਅ) ਮਨਜੀਤ ਨਿਹਾਲ ਕੌਰ ਨੂੰ ਕਿਸ ਦੀ ਧੀ ਵਿਆਹੁਣ ਦੀ ਸਲਾਹ ਦਿੰਦੀ ਹੈ?
(ੲ) 'ਬਾਗੀ ਦੀ ਧੀ' ਕਹਾਣੀ ਦਾ ਲੇਖਕ ਕਰਤਾਰ ਸਿੰਘ ਦੁੱਗਲ ਹੈ। ਕੀ ਇਹ ਕਥਨ ਸਹੀ ਹੈ?
(ਸ) 'ਰਿਕਸ਼ੇ ਵਾਲੇ ਦੀ ਪਤਨੀ ਦਾ ਨਾਂ ਤਾਰੋ ਸੀ।' ਕੀ ਇਹ ਕਥਨ ਸਹੀ ਹੈ?
(ਹ) ਔਰੰਗਜ਼ੇਬ ਨੂੰ ਜ਼ਫ਼ਰਨਾਮਾ ............... ਨੇ ਲਿਖਿਆ।
(ਦਇਆ ਸਿੰਘ/ਸ੍ਰੀ ਗੁਰੂ ਗੋਬਿੰਦ ਸਿੰਘ ਜੀ)

**ਪ੍ਰਸ਼ਨ ਨੰ: 3. ਹੇਠ ਲਿਖੀਆਂ ਕਾਵਿ-ਸਤਰਾਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ-ਸਹਿਤ ਵਿਆਖਿਆ ਕਰੋ:**

(ੳ) ਮੇਰਾ ਮਨ ਲੋਚੈ ਗੁਰਦਰਸਨ ਤਾਈ ॥
ਬਿਪਲ ਕਰੇ ਚਾਤ੍ਰਿਕ ਕੀ ਨਿਆਈ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥1॥
ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ॥1॥

(ਅ) ਨਾਜ਼ਕ ਪੈਰ ਮਲੂਕ ਸੱਸੀ ਦੇ, ਮਹਿੰਦੀ ਨਾਲ ਸ਼ਿੰਗਾਰੇ।
ਆਸ਼ਕ ਵੇਖ ਬਹੇ ਇੱਕ ਵਾਰੀ, ਜੀਉ ਤਿਨ੍ਹਾ ਪਰ ਵਾਰੇ।
ਬਾਲੂ ਰੇਤ ਤਪੇ ਵਿੱਚ ਥਲ ਦੇ , ਜੌਂ ਭੁੰਨਣ ਭਠਿਆਰੇ।
ਹਾਸ਼ਮ ਵੇਖ ਯਕੀਨ ਸੱਸੀ ਦਾ , ਫੇਰ ਨਹੀਂ ਦਿਲ ਹਾਰੇ। **2+3=5 ਅੰਕ**

**ਪ੍ਰਸ਼ਨ ਨੰ: 4. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਗਪਗ 30 ਸ਼ਬਦਾਂ ਵਿੱਚ ਲਿਖੋ:**

(ੳ) ਤੇਰਾ ਨਾਮ ਧਿਆਈ ਦਾ ਸਾਈਂ (ਬੁਲ੍ਹੇ ਸ਼ਾਹ)
(ਅ) ਸਿੰਘਾਂ ਦੀ ਚੜ੍ਹਤ (ਸ਼ਾਹ ਮੁਹੰਮਦ) **1*3=3 ਅੰਕ**

**ਪ੍ਰਸ਼ਨ ਨੰ: 5. ਹੇਠ ਲਿਖੇ ਲੇਖ ਜਾਂ ਕਹਾਣੀ ਵਿੱਚੋਂ ਕਿਸੇ ਇੱਕ ਦਾ ਸਾਰ ਲਗਭਗ 100 ਸ਼ਬਦਾਂ ਵਿੱਚ ਲਿਖੋ:**

(ੳ) ਤੁਰਨ ਦਾ ਹੁਨਰ (ਡਾ. ਨਰਿੰਦਰ ਸਿੰਘ ਕਪੂਰ)
(ਅ) ਇੱਕ ਪੈਰ ਘੱਟ ਤੁਰਨਾ (ਅਜੀਤ ਕੌਰ) **1*4=4 ਅੰਕ**

**ਪ੍ਰਸ਼ਨ ਨੰ: 6. ਹੇਠ ਲਿਖੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਕਿਸੇ ਇੱਕ ਦਾ ਉੱਤਰ ਸੰਖੇਪ ਵਿੱਚ ਲਿਖੋ:**

(ੳ) ਮਹਾਰਾਣੀ ਦੇ ਸੰਪਰਕ ਵਿੱਚ ਆਉਣ ਨਾਲ ਬੰਸ ਦੇ ਵਤੀਰੇ ਵਿੱਚ ਕੀ ਤਬਦੀਲੀ ਆਈ?
(ਅ) ਬਾਬਾ ਰਾਮ ਸਿੰਘ ਜੀ ਨੂੰ 'ਬਾਬਾ' ਕਿਉਂ ਕਿਹਾ ਜਾਂਦਾ ਹੈ? **1*4=4 ਅੰਕ**

**ਪ੍ਰਸ਼ਨ ਨੰ: 7. ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਦਾ ਪਾਤਰ-ਚਿਤਰਨ ਲਗਭਗ 100 ਸ਼ਬਦਾਂ ਵਿੱਚ ਲਿਖੋ:**

(ੳ) ਨਿਹਾਲ ਕੌਰ (ਇਕਾਂਗੀ 'ਦੂਜਾ ਵਿਆਹ')
(ਅ) ਤਾਰੋ (ਨਾਵਲ 'ਇੱਕ ਹੋਰ ਨਵਾਂ ਸਾਲ') **1*5=5 ਅੰਕ**

**ਪ੍ਰਸ਼ਨ ਨੰ: 8. ਹੇਠ ਲਿਖੇ ਵਾਰਤਾਲਾਪ ਵਿੱਚੋਂ ਕਿਸੇ ਇੱਕ ਵਾਰਤਾਲਾਪ ਦੇ ਪ੍ਰਸ਼ਨਾਂ ਦੇ ਉੱਤਰ ਲਿਖੋ:**

"ਹਾਂ, ਮੈਥੋਂ ਪੁੱਛ ਕੇ! ਮੇਰੇ ਪੁੱਛਣ ਨੂੰ ਬਹੁਤ ਉਡੀਕਦੀ ਐਂ ਤੂੰ! ਕਹਿ ਗਈ ਹੋਵੇਗੀ ਜਾਂਦੀ ਜਾਂਦੀ। ਮੈਨੂੰ ਪੁੱਛਿਆ ਸੀ, ਸਭਾ ਦੀ ਮੈਂਬਰ ਬਣਨ ਲੱਗੀ ਨੇ? ਹੋਰ ਨਵਾਂ ਢੰਗ ਕੱਢਿਆ ਇਹਨਾਂ ਨੇ ਖ਼ਸਮਾਂ ਨੂੰ ਵੱਸ ਕਰਨ ਦਾ। ਇਉਂ ਤੂੰ ਮੇਰੇ ਮੁੰਡੇ ਦੇ ਲੈਕ ਬਣ ਜਾਵੇਗੀ ਸਭਾ ਦੀ ਮੈਂਬਰ ਬਣ ਕੇ?"

(i) ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਹਨ?

(II) ਇਸ ਇਕਾਂਗੀ ਦਾ ਲੇਖਕ ਕੌਣ ਹੈ?

(III) ਨਿਹਾਲ ਕੌਰ ਇਸਤਰੀਆਂ ਦੀ ਸਭ ਦਾ ਉਦੇਸ਼ ਕੀ ਸਮਝਦੀ ਸੀ?

**ਜਾਂ**

"ਬੁੱਢੇ ਬਾਦਸ਼ਾਹ! ਭੁੱਲ ਗਿਆ ਹੈਂ? ਤੂੰ ਵੀ ਆਪਣੇ ਬਾਪ ਸ਼ਾਹ ਜਹਾਨ ਦੀ ਮੌਤ ਦੀ ਇੰਤਜ਼ਾਰ ਨਹੀਂ ਸੀ ਕੀਤੀ।"

(i) ਇਹ ਸ਼ਬਦ ਕਿਸ ਇਕਾਂਗੀ ਵਿੱਚੋਂ ਹਨ?

(ii) ਇਕਾਂਗੀ ਦੇ ਲੇਖਕ ਦਾ ਨਾਂ ਦੱਸੋ?

(iii) ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ? **1*3=3 ਅੰਕ**

**ਪ੍ਰਸ਼ਨ ਨੰ: 9. ਹੇਠ ਲਿਖੇ ਵਾਰਤਾਲਾਪਾਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਲਗਪਗ 40 ਸ਼ਬਦਾਂ ਵਿੱਚ ਲਿਖੋ।**

(ੳ) "ਹੌਲੀ ਚਲਾ ਵੇ ਰਿਕਸ਼ਾ ਬੰਤਿਆ......ਤੈਨੂੰ ਦੀਹਦਾ ਨਹੀਂ, ਕੁੜੀ ਦੀ ਹਾਲਤ ਤਾਂ ਵੇਖ।"

(ਅ) "ਸਾਡੇ ਕੋਲ ਵਿਹਲ ਕਿੱਥੇ ਬਾਤਾਂ ਸੁਣਨ ਦੀ, ਛੋਟੇ ਹੁੰਦਿਆਂ ਸੁਣਦੇ ਸੀ ਬੇਬੇ ਕੋਲੋਂ।"

**1*4=4 ਅੰਕ**

-----0-----